# ਜੈਸੀ ਦੀ ਕਹਾਣੀ

ਟੈਰੇਸਾ ਕੈਜ਼ਮੀਰ

ਸਾਡੇ ਪਹਿਲੇ ਬੱਚੇ ਜੈਸੀ ਦੇ ਜਨਮ ਸਮੇਂ ਸਾਨੂੰ ਬਹੁਤ ਚਾਅ ਸੀ। ਗਰਭ ਦੇ ਸਮੇਂ ਦੌਰਾਨ ਕੋਈ ਮਾੜੀ ਗੱਲ ਨਹੀਂ ਵਾਪਰੀ, ਇਸ ਲਈ ਉਸ ਦੇ ਜਨਮ ਦੇ ਕੁਝ ਮਿਨਟਾਂ ਬਾਅਦ ਹੀ ਜਦੋਂ ਡਾਕਟਰ ਨੇ ਉਸ ਦੇ ਕੰਨਾਂ ਬਾਰੇ ਫਿਕਰ ਜ਼ਾਹਰ ਕੀਤਾ ਤਾਂ ਸਾਨੂੰ ਕਾਫੀ ਹੈਰਾਨੀ ਹੋਈ ਸੀ। ਹੋਇਆ ਇਹ ਕਿ ਉਸ ਦੇ ਦੋਵੇਂ ਕੰਨਾਂ ਵਿਚ ਮਾਈਕਰੋਸ਼ੀਆ (ਕੰਨਾਂ ਦੇ ਬਾਹਰਲੇ ਹਿੱਸਿਆਂ ਦਾ ਪੂਰਾ ਵਿਕਾਸ ਨਾ ਹੋਣਾ) ਅਤੇ ਅਟਰੇਸੀਆ (ਕੰਨ ਦੀ ਨਾਲੀ ਦੇ ਰਾਹ ਦਾ ਨਾ ਹੋਣਾ) ਸੀ। ਸਾਨੂੰ ਬਾਅਦ ਵਿੱਚ ਪਤਾ ਲੱਗਾ ਕਿ ਉਸ ਵਿੱਚ ਪੱਕੇ ਰੂਪ ਵਿੱਚ ਕੰਡਕਟਿਵ ਹੀਅਰਿੰਗ ਲੌਸ ਸੀ, ਅਤੇ ਦੋਹਾਂ ਕੰਨਾਂ ਵਿੱਚ ਸੁਣਨ ਦਾ ਪੱਧਰ ਗੰਭੀਰ ਤੋਂ ਦਰਮਿਆਨੀ ਹੱਦ ਦੇ ਵਿਚਕਾਰ ਸੀ।

ਅਸੀਂ ਪਹਿਲੇ ਕਦੇ ਅਜਿਹੇ ਵਿਅਕਤੀ ਨੂੰ ਨਹੀਂ ਮਿਲੇ ਸੀ ਜਿਸ ਨੂੰ ਮਾਈਕਰੋਸ਼ੀਆ ਜਾਂ ਅਟਰੇਸੀਆ ਹੋਵੇ, ਪਰ ਮੈਨੂੰ ਉੱਚਾ ਸੁਣਨ ਵਾਲੇ ਬੱਚਿਆਂ ਨਾਲ ਕੰਮ ਕਰਨ ਦਾ ਕੁਝ ਤਜਰਬਾ ਸੀ, ਇਸ ਲਈ ਮੈਂ ਕਹਾਂਗੀ ਕਿ ਮੇਰਾ ਪਹਿਲਾ ਪ੍ਰਤੀਕਰਮ ਬਹੁਤ ਖਾਸ ਨਹੀਂ ਸੀ – ਮੈਨੂੰ ਕਾਫੀ ਚਾਅ ਸੀ ! ਸ਼ਾਇਦ ਮੈਂ ਸਮਝਦੀ ਸੀ ਕਿ ਇਸ ਚੁਣੌਤੀ ਨਾਲ ਅਸੀਂ ਨਜਿੱਠ ਸਕਦੇ ਹਾਂ ਅਤੇ ਮੈਂ ਕੰਮ ਸ਼ੁਰੂ ਕਰਨ ਲਈ ਬੇਤਾਬ ਸੀ।

ਜਦੋਂ ਜੈਸੀ 2 ਮਹੀਨਿਆਂ ਦਾ ਸੀ ਤਾਂ ਉਸ ਦੇ ਬੋਨ ਕੰਡਕਸ਼ਨ ਹੀਅਰਿੰਗ ਏਡ ਲਾ ਦਿੱਤੀ ਗਈ। ਉਸ ਵਲੋਂ ਇਸ ਨੂੰ ਲਾਈ ਰੱਖਣ ਲਈ ਅਤੇ ਇਸ ਉੱਪਰ ਥੁੱਕ ਸੁੱਟਣ ਤੋਂ ਬਚਾ ਕਰਨ ਲਈ ਸਾਨੂੰ ਕਈ ਤਰ੍ਹਾਂ ਦੇ ਨਵੇਂ ਢੰਗ ਵਰਤਣੇ ਪਏ। ਇਸ ਦੀ ਦਿੱਖ ਨੂੰ ਸਵੀਕਾਰ ਕਰਨ ਲਈ ਵੀ ਕੁਝ ਸਮਾਂ ਲੱਗਾ – ਮੈਨੂੰ ਉਸ ਦੀ 3 ਮਹੀਨਿਆਂ ਦੀ ਉਮਰ ਵਿੱਚ ਫੋਟੋ ਖਿੱਚਣ ਸਮੇਂ ਇਸ ਨੂੰ ਲਾਹ ਦੇਣ ਬਾਰੇ ਅੰਦਰੂਨੀ ਤੌਰ 'ਤੇ ਦਲੀਲਬਾਜ਼ੀ ਕਰਨਾ ਯਾਦ ਹੈ। ਅਖੀਰ ਵਿੱਚ ਅਸੀਂ ਇਸ ਨੂੰ ਲੱਗੀ ਰਹਿਣ ਦਿੱਤਾ ਅਤੇ ਹੌਲੀ ਹੌਲੀ ਇਹ ਉਸ ਦਾ ਇਕ ਅਜਿਹਾ ਹਿੱਸਾ ਬਣ ਗਿਆ ਜੋ ਸਾਡੇ ਧਿਆਨ ਵਿੱਚ ਆਉਣੋ ਹੀ ਹੱਟ ਗਿਆ।

ਭਾਵੇਂ ਕਿ ਇਹ ਸ਼ੁਰੂ ਵਿੱਚ ਦੋਹਾਂ ਪਾਸਿਆਂ ਦੇ ਗਰੈਂਡ ਪੇਅਰੈਂਟਸ ਨੂੰ ਪਰੇਸ਼ਾਨ ਕਰਦਾ ਸੀ, ਪਰ ਉਹ ਕਾਫੀ ਮਦਦਗਾਰ ਸਨ। ਦੂਸਰੇ ਮਾਪਿਆਂ ਨੂੰ ਮਿਲਣਾ ਵੀ ਸਾਨੂੰ ਕਾਫੀ ਮਦਦਗਾਰ ਲੱਗਾ। ਮੈਂ ਬੋਲੇ ਅਤੇ ਉੱਚਾ ਸੁਣਨ ਵਾਲੇ ਛੋਟੇ ਬੱਚਿਆਂ ਦੇ ਪਰਿਵਾਰਾਂ ਅਤੇ ਬੱਚਿਆਂ ਲਈ ਬਣੇ "ਬੱਚਿਆਂ ਦੇ ਗਰੁੱਪ" ਵਿੱਚ ਜਾਣ ਲੱਗੀ, ਜਿੱਥੇ ਜਾਣ ਦੀ ਮੈਨੂੰ ਹਰ ਹਫਤੇ ਤਾਂਘ ਰਹਿੰਦੀ। ਇਕ ਹਫਤੇ ਉੱਥੇ ਅੱਲੜ੍ਹ (ਟੀਨਏਜਰ) ਉਮਰ ਦੇ ਬੋਲੇ ਅਤੇ ਉੱਚਾ ਸੁਣਨ ਵਾਲੇ ਬੱਚਿਆਂ ਦੀ ਪੈਨਲ ਸੀ। ਕਿਸੇ ਬੋਲੇ ਅਤੇ ਉੱਚਾ ਸੁਣਨ ਵਾਲੇ ਅੱਲੜ੍ਹ (ਟੀਨਏਜਰ) ਨੂੰ ਮਿਲਣ ਦਾ ਮੇਰੇ ਲਈ ਇਹ ਪਹਿਲਾ ਮੌਕਾ ਸੀ। ਮੈਂ ਵੱਡੀ ਉਮਰ ਦੇ ਕਈ ਲੋਕਾਂ ਨੂੰ ਜਾਣਦੀ ਸੀ ਜਿਹੜੇ ਹੀਅਰਿੰਗ ਏਡਾਂ ਪਹਿਣਦੇ ਸਨ, ਖਾਸ ਕਰਕੇ ਰੌਲੇ ਕਾਰਨ ਹੋਏ ਸੁਣਨ ਸ਼ਕਤੀ ਦੇ ਨੁਕਸਾਨ ਲਈ, ਪਰ ਮੈਂ ਕਿਸੇ ਵੀ ਅਜਿਹੇ ਵਿਅਕਤੀ ਨੂੰ ਨਹੀਂ ਮਿਲੀ ਸੀ ਜੋ ਉੱਚਾ ਸੁਣਨ ਦੀ ਹਾਲਤ ਵਿੱਚ ਵੱਡਾ ਹੋਇਆ ਹੋਵੇ। ਮੈਂ ਬਹੁਤ ਜ਼ਿਆਦਾ ਰਾਹਤ ਮਹਿਸੂਸ ਕੀਤੀ। ਮੈਨੂੰ ਇਹ ਜਾਣਨ ਦੀ ਲੋੜ ਨਹੀਂ ਸੀ ਕਿ ਮੇਰਾ ਬੱਚਾ ਬਿਲਕੁਲ ਉਸ ਅੱਲੜ੍ਹ (ਟੀਨਏਜਰ) ਵਾਂਗ ਵੱਡਾ ਹੋਵੇਗਾ – ਇਕ ਅਸਲੀਅਤ ਭਰੀ ਤਸ-ਵੀਰ ਦੇਖ ਕੇ ਕਾਫੀ ਮਦਦ ਮਿਲੀ ਅਤੇ ਮੈਨੂੰ ਇਹ ਮਹਿਸੂਸ ਹੋਇਆ ਕਿ ਜੈਸੀ ਠੀਕ ਠਾਕ ਰਵ੍ਹੇਗਾ।

ਬੀਤੇ ਸਮੇਂ ਦੌਰਾਨ ਅਸੀਂ ਕਈ ਬਹੁਤ ਹੀ ਵਧੀਆ ਪ੍ਰੋਫੈਸ਼ਨਲ ਲੋਕਾਂ ਨਾਲ ਕੰਮ ਕੀਤਾ ਹੈ, ਜਿਹਨਾਂ ਨੇ ਸਾਨੂੰ ਟੀਮ ਦੇ ਸਰਗਰਮ ਮੈਂਬਰ ਬਣਨ ਲਈ ਉਤਸ਼ਾਹਿਤ ਕੀਤਾ। ਅਸੀਂ ਇੰਟਰਵੈਨਸ਼ਨ (ਦਖਲਅੰਦਾਜ਼ੀ) ਦੇ ਸੈਸ਼ਨਾਂ ਅਤੇ ਨਿਸ਼ਾਨੇ ਮਿੱਥਣ ਅਤੇ ਜੈਸੀ ਦੀ ਤਰੱਕੀ ਦਾ ਮੁੱਲਾਂਕਣ ਕਰਨ ਲਈ ਕੀਤੇ ਮੁਆਇਨਿਆਂ (ਅਸੈੱਸਮੈਂਟਸ) ਤੋਂ ਲੈ ਕੇ ਵਰਕਸ਼ਾਪਾਂ ਲਾਉਣ ਅਤੇ ਸਮਾਜਕ ਸਮਾਗਮਾਂ ਵਿੱਚ ਹਿੱਸਾ ਲੈਣ ਤੱਕ ਹਰ ਚੀਜ਼ ਵਿੱਚ ਬਹੁਤ ਜ਼ਿਆਦਾ ਹੱਦ ਤੱਕ ਸ਼ਾਮਲ ਰਹੇ ਹਾਂ। ਅਸੀਂ ਜੈਸੀ ਨੂੰ ਉੱਚਾ ਸੁਣਨ ਵਾਲੇ ਹੋਰ ਬੱਚਿਆਂ ਨਾਲ ਮਿਲਵਾਉਣ ਦਾ ਫੈਸਲਾ ਕੀਤਾ ਤਾਂਕਿ ਉਹ ਇੰਝ ਨਾ ਮਹਿਸੂਸ ਕਰੇ ਕਿ ਉਹ ਇਕੱਲਾ ਹੈ।

ਆਉ ਹੁਣ 17 ਸਾਲਾਂ ਬਾਅਦ ਦੀ ਗੱਲ ਕਰੀਏ – ਜੈਸੀ ਹੁਣ ਗਰੇਡ ਬਾਰਾਂ ਵਿੱਚ ਪੜ੍ਹਦਾ ਹੈ ਅਤੇ ਆਉਣ ਵਾਲੀ ਪੱਤਝੜ ਸਮੇਂ ਯੂਨੀਵਰਸਿਟੀ ਵਿੱਚ ਪੜ੍ਹਨ ਲਈ ਚੁਣਿਆ ਗਿਆ ਹੈ। ਉਹ ਬਹੁਤ ਵਧੀਆ ਸੰਗੀਤਕਾਰ ਹੈ। ਉਹ ਫਿਜਿਕਸ ਅਤੇ ਕੈਲਕਲੱਸ ਨੂੰ ਪਸੰਦ ਕਰਦਾ ਹੈ ਅਤੇ ਆਪਣੀ ਸੁਣਨ ਸ਼ਕਤੀ ਬਾਰੇ ਦੂਜਿਆਂ ਨੂੰ ਸਮਝਾਉਣ ਸਮੇਂ ਉਹ ਅੰਤਾਂ ਦੇ ਧੀਰਜ ਅਤੇ ਖੁਲ੍ਹਦਿਲੀ ਦਾ ਪ੍ਰਗਟਾਵਾ ਕਰਦਾ ਹੈ। ਕੁਝ ਦਿਨ ਪਹਿਲਾਂ ਮੈਂ ਉਸ ਦੇ ਇਕ ਹਾਈ ਸਕੂਲ ਦੇ ਅਧਿਆਪਕ ਨੂੰ ਮਿਲੀ ਸੀ ਅਤੇ ਉਸ ਨੇ ਦੱਸਿਆ ਕਿ ਜਿਸ ਦੋਸਤਾਨਾ ਅਤੇ ਸਤੁੰਸ਼ਟੀ ਭਰੇ ਢੰਗ ਨਾਲ ਜੈਸੀ ਨੇ ਆਪਣੀ ਉਸ ਨਾਲ ਪਹਿਲੀ ਜਾਣਪਛਾਣ ਕਰਵਾਈ ਸੀ ਅਤੇ ਆਪਣੀ ਸੁਣਨ-ਸ਼ਕਤੀ ਦੀ ਘਾਟ ਅਤੇ ਸੁਣਨ ਦੀਆਂ ਲੋੜਾਂ ਬਾਰੇ ਦੱਸਿਆ ਸੀ, ਉਹ ਉਸ ਢੰਗ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋਈ ਸੀ। ਉਹ ਮੇਰੇ ਲਈ ਬਹੁਤ ਮਾਣ ਭਰਿਆ ਪਲ ਸੀ – ਸਾਡੇ ਬੱਚੇ ਵਲੋਂ ਆਪਣੇ ਆਪ ਬਾਰੇ ਠੀਕ ਮਹਿਸੂਸ ਕਰਨਾ ਅਤੇ ਦੂ-ਸਰਿਆਂ ਨੂੰ ਇਹ ਦੱਸਣ ਲਈ ਤਿਆਰ ਰਹਿਣਾ ਕਿ ਉਹ ਉਸ ਦੀਆਂ ਲੋੜਾਂ ਦੀ ਪੂਰਤੀ ਲਈ ਕੀ ਕਰ ਸਕਦੇ ਹਨ।